WANotify.org/Punjabi

# WA NOTIFY ਕਿਵੇਂ ਕੰਮ ਕਰਦਾ ਹੈ

ਵਾਸ਼ਿੰਗਟਨ ਨੋਟੀਫਾਈ (ਇਸ ਨੂੰ ਵਾਸ਼ਿੰਗਟਨ ਐਕਸਪੋਜ਼ਰ ਨੋਟੀਫੀਕੇਸ਼ਨਾਂ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ) ਇੱਕ ਟੂਲ ਹੈ ਜੋ ਕਿਸੇ ਵੀ ਨਿੱਜੀ ਜਾਣਕਾਰੀ ਨੂੰ ਸਾਂਝੀ ਕੀਤੇ ਵਗੈਰ, ਸਮਾਰਟਫੋਨਾਂ ਰਾਹੀਂ ਵਰਤੋਂਕਾਰਾਂ ਨੂੰ ਇਹ ਸੂਚਿਤ ਕਰਨ ਲਈ ਕੰਮ ਕਰਦਾ ਹੈ ਜੇਕਰ ਉਹ ਕੋਵਿਡ 19 ਦੇ ਸੰਪਰਕ ਵਿਚ ਆਏ ਹਨ। ਇਹ ਪੂਰੀ ਤਰ੍ਹਾਂ ਗੁਪਤ ਹੈ, ਅਤੇ ਤੁਸੀਂ ਕੌਣ ਜਾਂ ਕਿੱਥੇ ਜਾਂਦੇ ਹੋ ਇਸ ਬਾਰੇ ਇਸਨੂੰ ਕੁੱਝ ਨਹੀਂ ਪਤਾ ਅਤੇ ਨਾਂ ਹੀ ਟ੍ਰੈਕ ਰੱਖਦਾ ਹੈ।

WA Notify, ਯੂਜ਼ਰਾਂ ਨੂੰ ਚੇਤਾਵਨੀ ਦੇਣ ਲਈ, ਕਿਸੇ ਨਿੱਜੀ ਜਾਣਕਾਰੀ ਨੂੰ ਸਾਂਝਾ ਕੀਤੇ ਬਿਨਾਂ, ਸਮਾਰਟਫੋਨਾਂ ਰਾਹੀਂ ਸੂਚਿਤ ਕਰਦਾ ਹੈ ਜੇ ਉਨ੍ਹਾਂ ਨੂੰ ਕੋਵਿਡ -19 ਦੀ ਜੋਖਮ ਹੋ ਸਕਦਾ ਹੈ। **ਇਹ ਪੂਰੀ ਤਰ੍ਹਾਂ ਨਿੱਜੀ ਹੈ, ਅਤੇ ਇਹ ਨਾਂ ਹੀ ਤੁਹਾਨੂੰ ਜਾਣਦਾ ਹੈ ਜਾਂ ਨਾਂ ਹੀ ਟ੍ਰੈਕ ਕਰਦਾ ਹੈ ਕਿ ਤੁਸੀਂ ਕੌਣ ਹੋ ਜਾਂ ਤੁਸੀਂ ਕਿੱਥੇ ਜਾਂਦੇ ਹੋ।**

ਅਧਿਆਇਨ ਤੋਂ ਪਤਾ ਲੱਗਦਾ ਹੈ ਕਿ ਜਿੰਨੇ ਲੋਕ ਐਕਸਪੋਜ਼ਰ ਨੋਟੀਫੀਕੇਸ਼ਨ ਤਕਨੀਕ ਦਾ ਉਪਯੋਗ ਕਰਦੇ ਹਨ ਓਨਾ ਹੀ ਲਾਭ ਹੁੰਦਾ ਹੈ। ਵਾਸ਼ਿੰਗਟਨ ਸੂਬੇ ਦੇ ਡੇਟਾ ਅੰਕੜੇ ਦੱਸਦੇ ਹਨ ਕਿ ਵਾ ਨੋਟੀਫਾਈ ਦਾ ਉਪਯੋਗ ਕਰਨੇ ਵਾਲੇ ਲੋਕਾਂ ਦੀ ਥੋੜ੍ਹੀ ਸੰਖਿਆ ਵੀ ਇਨਫੈਕਸ਼ਨ ਅਤੇ ਮੌਤਾਂ ਨੂੰ ਘੱਟ ਕਰੇਗੀ।

## ਹੋਰ ਜਾਣਕਾਰੀ ਲਈ WA Notify.org ਤੇ ਜਾਓ।

**ਤੁਹਾਡੇ ਆਈਫੋਨ ਤੇ:**

1. ਸੈਟਿੰਗਜ਼ 'ਤੇ ਜਾਓ
2. ਐਕਸਪੋਜ਼ਰ ਨੋਟੀਫਿਕੇਸ਼ਨਾਂ ਤੱਕ ਹੇਠਾਂ ਸਕ੍ਰੌਲ ਕਰੋ
3. "ਐਕਸਪੋਜ਼ਰ ਨੋਟੀਫਿਕੇਸ਼ਨਾਂ ਆਨ ਕਰੋ" ਤੇ ਕਲਿਕ ਕਰੋ
4. ਸੰਯੁਕਤ ਰਾਜ ਦੀ ਚੋਣ ਕਰੋ
5. ਵਾਸ਼ਿੰਗਟਨ ਦੀ ਚੋਣ ਕਰੋ

**ਤੁਹਾਡੇ ਐਂਡਰਾਇਡ ਫੋਨ ਤੇ:**

1. ਗੂਗਲ ਪਲੇਅ ਸਟੋਰ ਤੇ ਜਾਓ
2. ਐਪ ਨੂੰ ਆਸਾਨੀ ਨਾਲ ਲੱਭਣ ਲਈ Washington exposure notification (ਵਾਸ਼ਿੰਗਟਨ ਐਕਸਪੋਜ਼ਰ ਨੋਟੀਫੀਕੇਸ਼ਨ ਖੋਜ ਕਰੋ)
3. ਵਾਸ਼ਿੰਗਟਨ ਐਕਸਪੋਜ਼ਰ ਨੋਟੀਫੀਕੇਸ਼ਨ ਐਪ ਇਨਸਟਾਲ ਕਰੋ

## ਇਕ ਵਾਰ ਜਦੋਂ ਤੁਸੀਂ ਆਪਣੇ ਫ਼ੋਨ ਤੇ WA NOTIFY ਸ਼ਾਮਿਲ ਕੀਤਾ

ਸਮਝੋ ਕਿ ਉਹ ਕੋਵਿਡ-19 ਦੇ ਫੈਲਣ ਨੂੰ ਰੋਕਣ ਵਿੱਚ ਸਹਾਇਤਾ ਕਰਨ ਲਈ ਕਿਵੇਂ ਕੰਮ ਕਰਦਾ ਹੈ।

**1**



ਜਦੋਂ ਆਪਣੇ ਸਮਾਰਟਫੋਨਾਂ 'ਤੇ WA Notify ਦੀ ਵਰਤੋਂ ਕਰਨ ਵਾਲੇ ਦੋ ਵਿਅਕਤੀ ਇੱਕ ਦੂਜੇ ਦੇ ਕੋਲ ਹੁੰਦੇ ਹਨ ਤਾਂ ਉਨ੍ਹਾਂ ਦੇ ਫੋਨ ਬਲੂਟੁੱਥ ਦੀ ਵਰਤੋਂ ਨਾਲ ਬੇਤਰਤੀਬੇ ਕੋਡ ਦਾ ਬਦਲਾਓ (exchange) ਕਰਦੇ ਹਨ। **ਕੋਡ ਪੂਰੀ ਤਰ੍ਹਾਂ ਅਗਿਆਤ ਹਨ, ਅਤੇ ਲੋਕੇਸ਼ਨ ਦੀ ਟ੍ਰੈਕ ਜਾਂ ਨਿੱਜੀ ਜਾਣਕਾਰੀ ਸਾਂਝੀ (exchange) ਨਹੀਂ ਕਰਦੇ।**

**2**




ਜਦੋਂ ਵਾਸ਼ਿੰਗਟਨ ਵਿੱਚ ਕਿਸੇ ਵਿਅਕਤੀ ਦਾ ਟੈਸਟ ਪਾਜ਼ਿਟਿਵ ਆਉਂਦਾ ਹੈ ਅਤੇ ਜਨਤਕ ਸਿਹਤ ਉਨ੍ਹਾਂ ਤੱਕ ਪਹੁੰਚਦੀ ਹੈ, ਤਾਂ ਉਨ੍ਹਾਂ ਨੂੰ ਆਖਿਆ ਜਾਵੇਗਾ ਕਿ ਕੀ ਉਨ੍ਹਾਂ ਕੋਲ WA Notify ਹੈ ਅਤੇ ਇੱਕ ਤਸਦੀਕ ਕੋਡ ਦਿੱਤਾ ਗਿਆ ਹੈ।

**3**



ਜਦੋਂ ਕਿਸੇ ਵਿਅਕਤੀ ਦਾ ਟੈਸਟ ਪੌਜਿਟਿਵ ਆਉਂਦਾ ਹੈ ਤਾਂ **ਉਹ ਲਿੰਕ ਤੇ ਕਲਿਕ ਕਰਦਾ ਹੈ** ਜਾਂ ਨੋਟੀਫੀਕੇਸ਼ਨ ਤੇ ਟੈਪ ਕਰਦਾ ਹੈ ਅਤੇ ਐਪ ਵਿੱਚ ਆਪਣੇ ਰਿਜਲਟ ਦੇਖਣ ਲਈ **ਸਾਰੇ ਸਟੈੱਪ ਜਾਂਚਦਾ ਹੈ।**

**4**



WA Notify ਵਾ ਨੋਟੀਫਾਈ ਦੇ ਉਪਯੋਗੀਆਂ ਨੂੰ ਇੱਕ ਸੂਚਨਾ ਪ੍ਰਾਪਤ ਹੁੰਦੀ ਹੈ ਕਿ ਉਹ ਕੋਵਿਡ 19 ਦੇ ਸੰਪਰਕ ਵਿਚ ਆਏ ਹੋ ਸਕਦੇ ਹਨ ਜਦੋਂ ਕਿ ਉਹ ਕਿਸੇ ਵਾ ਨੋਟੀਫਾਈ ਦੇ **ਅਨਾਮ ਉਪਯੋਗੀ ਜੋ ਕਿ ਹੁਣੇ ਹੁਣੇ ਕੋਵਿਡ 19 ਟੈਸਟ ਪੌਜਿਟਿਵ ਹੋਇਆ ਹੋਵੇ ਦੇ ਨਜ਼ਦੀਕ ਗਏ ਹੋਣ।**

**5**




ਨੋਟੀਫੀਕੇਸ਼ਨਾਂ ਵਿੱਚ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਲਈ ਅੱਗੇ ਕੀ ਕਰਨਾ ਹੈ ਇਸ ਬਾਰੇ ਜਾਣਕਾਰੀ ਦੇ ਲਈ ਇੱਕ ਲਿੰਕ ਦਿੱਤਾ ਗਿਆ ਹੈ। **ਇਹਦੇ ਵਿਚ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਕੌਣ ਪੌਜਿਟਿਵ ਹੋਇਆ ਹੈ ਅਤੇ ਐਕਸਪੋਜ਼ਰ ਕਿੱਥੇ ਵਾਪਰਿਆ ਹੋਵੇਗਾ।**